# ਸੇਵਾ
## ਭਾਗ-2

'ਦਇਆ' ਕਰਨੀ ਦੈਵੀ ਗੁਣਾਂ ਵਿਚੋਂ ਉਤਮ ਗੁਣ ਹੈ ਅਤੇ ਧਰਮ ਦਾ ਮੂਲ ਹੈ। 'ਦਇਆ' ਤੋਂ ਸੱਖਣੇ ਜੀਵ ਵਿੱਚ ਕਿਸੇ ਲਈ ਹਮਦਰਦੀ, ਤਰਸ ਅਥਵਾ ਸਹਾਇਤਾ ਕਰਨ ਦੀ ਭਾਵਨਾ ਹੀ ਨਹੀਂ ਉਪਜਦੀ। ਇਸ ਲਈ 'ਦਇਆ' ਤੋਂ ਬਿਨਾ ਅਸੀਂ ਕਿਸੇ ਦੀ ਸੇਵਾ ਨਹੀਂ ਕਰ ਸਕਦੇ। ਗੁਰਬਾਣੀ ਵਿਚ 'ਦਇਆ' ਦੀ ਮਹਤੱਤਾ ਬਾਬਤ ਇਉਂ ਦਰਸਾਇਆ ਗਿਆ ਹੈ—

ਧੌਲੁ ਧਰਮੁ ਦਇਆ ਕਾ ਪੂਤੁ ॥ (ਪੰਨਾ-3)

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥ (ਪੰਨਾ-468)

ਦਇਆ ਦੇਵਤਾ ਖਿਮਾ ਜਪਮਾਲੀ ਤੇ ਮਾਣਸ ਪਰਧਾਨ ॥ (ਪੰਨਾ-1245)

ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।
ਗੁਰਸਿਖ ਲੈ ਗੁਰਸਿਖੁ ਸੁਦਾਇਆ ॥ (ਵਾ. ਭਾ. ਗੁ. 11/3)

'ਜੀਅ ਦਇਆ' ਅਨੁਸਾਰ ਸੇਵਾ ਕਰਨ ਵਿਚ—

ਯਤੀਮਾਂ
ਵਿਧਵਾਵਾਂ
ਅਪਾਹਜਾਂ
ਅੰਨ੍ਹਿਆਂ
ਬੀਮਾਰਾਂ
ਬਿਰਧਾਂ
ਲੋੜਵੰਦਾਂ

ਆਦਿ ਇਨਸਾਨਾਂ ਅਤੇ ਪਸ਼ੂ-ਪੰਛੀਆਂ ਦੀ ਦੇਖ-ਭਾਲ ਅਤੇ ਸੇਵਾ- ਸੰਭਾਲ ਗਿਣੀ ਜਾਂਦੀ ਹੈ। ਐਸੀ ਮਾਨਵਤਾ ਦੀ ਸੇਵਾ ਵਿਚ ਸਰੀਰਕ ਸੇਵਾ ਤੋਂ ਇਲਾਵਾ ਆਪਣਾ 'ਆਪਾ' ਭੀ ਵਾਰਨਾ ਪੈਂਦਾ ਹੈ—ਇਸ ਲਈ ਜੇਕਰ ਇਹ ਸੇਵਾ ਗੁਰੂ ਦੀ ਪਿਆਰ-ਭਾਵਨਾ ਨਾਲ ਕੀਤੀ

ਜਾਵੇ ਤਾਂ ਅਤਿਅੰਤ ਲਾਹੇਵੰਦ ਅਤੇ ਕਲਿਆਨਕਾਰੀ ਹੁੰਦੀ ਹੈ।

ਗੁਰੂ ਸਾਹਿਬਾਨ ਦੇ ਆਗਮਨ ਤੋਂ ਪਹਿਲਾਂ ਸੰਸਾਰ ਵਿਚ ਅਨੇਕਾਂ ਕਿਸਮ ਦੇ ਕਰਮ-ਕਾਂਡ ਪ੍ਰਚਲਤ ਸਨ, ਜਿਨ੍ਹਾਂ ਵਿਚ ਧਾਰਮਿਕ ਆਗੂ ਭੀ ਗਲਤਾਨ ਸਨ। ਗੁਰੂ ਸਾਹਿਬਾਨ ਨੇ ਸਾਡੇ ਉਤੇ ਤਰਸ ਕਰਕੇ, ਸਾਨੂੰ ਇਨ੍ਹਾਂ ਫੋਕੇ ਤੇ ਥੋਥੇ ਕਰਮ-ਕਾਂਡਾਂ ਵਿਚੋਂ ਕੱਢਣ ਲਈ ਇਲਾਹੀ ਗੁਰਬਾਣੀ ਬਖਸ਼ਿਸ਼ ਕੀਤੀ ਅਤੇ ਸਹੀ 'ਜੀਵਨ ਸੇਧ' ਦੁਆਰਾ—

ਪ੍ਰੇਮ-ਰਸ

ਪ੍ਰੇਮ-ਪਿਆਲਾ

ਜੀਵਨ-ਰੌਂ

ਅੰਮ੍ਰਿਤ

ਸ਼ਬਦ

ਨਾਮ

ਨਾਲ ਜੁੜਨ ਦਾ ਉਪਦੇਸ਼ ਦਿਤਾ। ਪਰ, ਅਸੀਂ ਫੇਰ ਉਹਨਾਂ ਹੀ ਭਰਮ-ਭੁਲੇਖਿਆਂ, ਵਹਿਮਾਂ, ਫੋਕੇ-ਸਾਧਨਾਂ ਅਤੇ ਕਰਮ-ਕਾਂਡਾਂ ਵਿਚ ਫਸ ਗਏ ਹਾਂ। ਭਾਵੇਂ ਸਾਡੇ ਕਰਮ-ਕਾਂਡ ਪਹਿਲਾਂ ਨਾਲੋਂ ਬਦਲ ਗਏ ਹਨ। ਇਹਨਾਂ ਸਾਰਿਆਂ ਕਰਮ ਕਾਂਡਾਂ ਦੇ ਪਿੱਠ-ਪਿਛੇ ਨਿਜੀ-ਸੁਆਰਥ ਦੀ ਭਾਵਨਾ ਹੁੰਦੀ ਹੈ। ਇਹ ਸੁਆਰਥੀ-ਹਉਂਧਾਰੀ ਕਰਮ-ਕਾਂਡ, ਆਤਮਿਕ ਜੀਵਨ ਰੌਂ ਅਤੇ ਉਚੀ-ਸੁੱਚੀ ਪ੍ਰੇਮ ਭਾਵਨਾ ਤੋਂ ਬਿਨਾਂ ਫੋਕੇ ਮੁਰਦਾ ਸਾਧਨ ਹੀ ਬਣ ਕੇ ਰਹਿ ਗਏ ਹਨ।

ਜਿਨੀ ਨਾਮੁ ਵਿਸਾਰਿਆ ਬਹੁ ਕਰਮ ਕਮਾਵਹਿ ਹੋਰਿ ॥
ਨਾਨਕ ਜਮਪੁਰਿ ਬਧੇ ਮਾਰੀਅਹਿ ਜਿਉ ਸੰਨੀ ਉਪਰਿ ਚੋਰ ॥ (ਪੰਨਾ-1247)

ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ ॥
ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸੁ ॥ (ਪੰਨਾ-346)

ਜਿਚਰੁ ਇਹੁ ਮਨੁ ਲਹਰੀ ਵਿਚਿ ਹੈ ਹਉਮੈ ਬਹੁਤੁ ਅਹੰਕਾਰੁ ॥
ਸਬਦੈ ਸਾਦੁ ਨ ਆਵਈ ਨਾਮਿ ਨ ਲਗੈ ਪਿਆਰੁ ॥
ਸੇਵਾ ਥਾਇ ਨ ਪਵਈ ਤਿਸ ਕੀ ਖਪਿ ਖਪਿ ਹੋਇ ਖੁਆਰ ॥ (ਪੰਨਾ-1247)

ਇਹਨਾਂ ਕਰਮ-ਕਾਂਡੀ ਸੇਵਾਵਾਂ ਦੁਆਰਾ, ਧਰਮ ਦੀ ਆੜ ਵਿਚ—

ਈਰਖਾ

ਦਵੈਤ

ਘਿਰਨਾ

ਅਸ਼ਾਂਤੀ
ਦੁਖ
ਕਲੇਸ਼
ਖਿੱਚੋਤਾਣ
ਤਅੱਸੁਬ
ਲੜਾਈਆਂ
ਝਗੜੇ
ਕਾਮ
ਕ੍ਰੋਧ
ਲੋਭ
ਮੋਹ
ਹੰਕਾਰ

ਆਦਿ ਅਉਗਣ ਵੱਧਦੇ ਹੀ ਜਾਂਦੇ ਹਨ।

ਇਹਨਾਂ ਫੋਕੇ ਧਾਰਮਿਕ ਸਾਧਨਾਂ ਨਾਲ ਅਸੀਂ 'ਭਲੇ-ਭਲੇਰੇ' ਬਣ ਬਹਿੰਦੇ ਹਾਂ ਅਤੇ ਦੂਜਿਆਂ ਨੂੰ ਨੀਵੀਂ ਨਿਗਾਹ ਨਾਲ ਤਕਦੇ ਹਾਂ। ਇਹੋ ਜਿਹੇ 'ਭਲੇ-ਭਲੇਰੇ' ਆਪਣੇ ਪੜ੍ਹੇ-ਪੜ੍ਹਾਏ, ਸੁਣੇ-ਸੁਣਾਏ, ਅਧੂਰੇ, ਫੋਕੇ, ਥੋਥੇ ਗਿਆਨ ਨਾਲ ਬੁੱਧੀ ਦੇ ਸਿੰਗ ਤਿੱਖੇ ਕਰਕੇ, ਦੂਜਿਆਂ ਨਾਲ ਵਾਦ-ਵਿਵਾਦ ਦੁਆਰਾ ਖੁਸ਼ਕ ਗਿਆਨ ਦਾ 'ਪਾਣੀ ਰਿੜਕਣ' ਲਈ ਤਤਪਰ ਰਹਿੰਦੇ ਹਨ। ਅਸੀਂ ਇਸੇ ਨੂੰ ਹੀ ਧਾਰਮਿਕ ਸੇਵਾ ਸਮਝੀ ਬੈਠੇ ਹਾਂ ਅਤੇ ਅਪਣੀ ਹਉਮੈ ਨੂੰ ਪੱਠੇ ਪਾ ਕੇ ਹੋਰ ਤਕੜੀ ਕਰ ਰਹੇ ਹਾਂ।

ਦੂਜੇ ਲਫਜ਼ਾਂ ਵਿਚ ਇਹੋ ਜੇਹੀ ਧਾਰਮਿਕ ਪ੍ਰਚਾਰ ਦੀ ਸੇਵਾ ਕਰਨੀ, ਸਾਡਾ ਦਿਮਾਗੀ 'ਸ਼ੁਗਲ' ਹੀ ਬਣ ਚੁਕਿਆ ਹੈ।

ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ
ਅੰਧਾ ਕਚੁ ਨਿਕਚੁ ॥ (ਪੰਨਾ-509)

ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ (ਪੰਨਾ-831)

ਬਿਨੁ ਪ੍ਰੀਤੀ ਕਰਹਿ ਬਹੁ ਬਾਤਾ ਕੂੜੁ ਬੋਲਿ ਕੂੜੋ ਫਲੁ ਪਾਵੈ ॥ (ਪੰਨਾ-881)

ਇਸ ਤਰ੍ਹਾਂ ਸਾਡੀ ਸੁਰਤ 'ਮੈਂ-ਮੇਰੀ' ਦੀ ਭਾਵਨਾ ਤੋਂ ਉਚੀ ਨਹੀਂ ਉਠਦੀ ਅਤੇ ਅਸੀਂ ਇਸ ਭਰਮ-ਭੁਲਾਵੇ ਦੇ ਗੇੜ ਵਿਚ ਜੀਵਨ ਦੀ ਅਸਲੀ 'ਆਤਮਿਕ ਸੇਧ' ਤੋਂ ਅਣਜਾਣ

ਤੇ ਅਵੇਸਲੇ ਹੋ ਰਹੇ ਹਾਂ।

ਅਸੀਂ ਥੋੜੀ ਜੇਹੀ ਸੇਵਾ ਕਰਕੇ ਹੀ ਆਪਣੇ ਮਨੋਰਥਾਂ ਦੀ ਪੂਰਤੀ ਲੋੜਦੇ ਹਾਂ—

ਸੇਵਾ ਥੋਰੀ ਮਾਗਨੁ ਬਹੁਤਾ ॥
ਮਹਲੁ ਨ ਪਾਵੈ ਕਹਤੋ ਪਹੁਤਾ ॥ (ਪੰਨਾ-738)

ਜੇਕਰ ਸਾਡਾ ਮਨੋਰਥ ਪੂਰਾ ਨਾ ਹੋਵੇ ਤਾਂ ਅਸੀਂ ਰੱਬ ਵੱਲੋਂ ਮੂੰਹ ਮੋੜ ਲੈਂਦੇ ਹਾਂ ਅਤੇ ਨਾਸਤਿਕ ਬਣ ਕੇ, ਪਰਮਾਰਥ ਦੇ ਉਲਟ ਪ੍ਰਚਾਰ ਕਰਨ ਲਗ ਪੈਂਦੇ ਹਾਂ।

ਜੇਕਰ ਕੋਈ ਪਰਮਾਰਥਕ ਕਲਿਆਨ ਲਈ ਧਾਰਮਿਕ ਸੇਵਾ ਕਰਦਾ ਹੈ, ਤਾਂ ਉਹ ਭੀ ਬੇ-ਪ੍ਰਵਾਹੀ ਅਵੇਸਲੇਪਣ, ਦੁਚਿੱਤੇ ਅਤੇ ਓਪਰੇ ਜਿਹੇ ਦਿਲ ਨਾਲ ਕੀਤੀ ਜਾਂਦੀ ਹੈ। ਕਿਉਂਕਿ ਸਾਨੂੰ ਅਸਲੀ ਆਤਮਿਕ 'ਜੀਵਨ ਸੇਧ' ਦੀ ਸਮਝ ਯਾ ਗਿਆਨ ਹੀ ਨਹੀਂ ਹੁੰਦਾ ਅਤੇ ਸਾਡਾ ਮਾੜਾ-ਮੋਟਾ ਆਤਮਿਕ ਗਿਆਨ ਭੀ ਅਧੂਰਾ, ਅਪੂਰਨ ਅਤੇ ਗਲਤ ਹੁੰਦਾ ਹੈ।

ਇਸ ਤਰ੍ਹਾਂ ਸਾਡੇ ਰੋਜ਼ਾਨਾ ਜੀਵਨ ਵਿਚ 'ਧਾਰਮਿਕ ਸੇਵਾ' ਦੀ ਬਜਾਏ 'ਮਾਇਕੀ ਸੇਵਾ' ਨੂੰ ਪਹਿਲ (Priority) ਦਿਤੀ ਜਾਂਦੀ ਹੈ।

ਅਸੀਂ ਜਨਮਾਂ-ਜਨਮਾਂਤਰਾਂ ਤੋਂ ਮਾਇਕੀ ਮੰਡਲ ਵਿਚ ਵਿਚਰਦੇ ਆਏ ਹਾਂ, ਅਤੇ ਮੈਂ-ਮੇਰੀ ਦਾ ਖਿਆਲ, ਭਾਵਨਾ, ਨਿਸਚਾ ਸਾਡੇ ਅੰਦਰ ਇਤਨਾ ਦ੍ਰਿੜ੍ਹ ਹੋ ਚੁਕਾ ਹੈ ਕਿ ਬਾਵਜੂਦ ਇਤਨਿਆਂ ਧਰਮਾਂ ਅਤੇ ਧਾਰਮਿਕ ਪ੍ਰਚਾਰ ਦੇ ਅਸੀਂ ਇਸ ਹਉਮੈ ਦੇ ਭਰਮ-ਭੁਲਾਵੇ ਦੀ ਕੈਦ (egoistic cell) ਵਿਚੋਂ ਨਿਕਲ ਨਹੀਂ ਸਕੇ।

ਇਸ ਲਈ ਸਾਡੀਆਂ ਅਨੇਕਾਂ ਕਿਸਮ ਦੀਆਂ ਸੇਵਾਵਾਂ ਅਤੇ ਘਾਲਨਾਵਾਂ ਭੀ ਹਉਮੈ ਦੇ ਭਰਮ ਭੁਲਾਵੇ ਵਿਚ ਦੂਜੇ ਭਾਉ ਦੀ ਤ੍ਰੈ-ਗੁਣੀ ਮਾਇਕੀ ਮੰਡਲ ਦੀ 'ਖੇਲ' ਹੈ।

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥ (ਪੰਨਾ-466)

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ ॥ (ਪੰਨਾ-560)

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ (ਪੰਨਾ-1428)

ਉਪਰਲੀਆਂ ਪੰਗਤੀਆਂ ਤੋਂ ਸਪਸ਼ਟ ਹੈ ਕਿ ਤ੍ਰੈ-ਗੁਣੀ ਮਾਇਕੀ ਮੰਡਲ ਵਿਚ, ਹਉਮੈ ਵੇੜੀ 'ਮੈਂ-ਮੇਰੀ' ਦੀ ਭਾਵਨਾ ਨਾਲ ਜੋ ਭੀ ਅਸੀਂ ਕਰਮ ਯਾ ਸੇਵਾ ਕਰਦੇ ਹਾਂ—ਉਹ ਸਭ

'ਕਰਮਿਕ ਕਾਨੂੰਨ' (Karmic Law) ਹੇਠ ਆਉਂਦੇ ਹਨ ਅਤੇ ਸਾਨੂੰ 'ਕਰਮ-ਬੱਧ' ਕਰਕੇ ਜਮਾਂ ਦੇ ਵੱਸ ਪਾਉਂਦੇ ਹਨ।

ਹਉ ਹਉ ਕਰਤੇ ਕਰਮ ਰਤ ਤਾ ਕੋ ਭਾਰੁ ਅਫਾਰ ॥
ਪ੍ਰੀਤਿ ਨਹੀਂ ਜਉ ਨਾਮ ਸਿਉ ਤਉ ਏਊ ਕਰਮ ਬਿਕਾਰ ॥

(ਪੰਨਾ-252)

ਜਬ ਇਹ ਜਾਨੈ ਮੈ ਕਿਛੁ ਕਰਤਾ ॥
ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ (ਪੰਨਾ-278)

ਸਾਡੇ ਪਾਠ-ਪੂਜਾ, ਬਰਤ-ਨੇਮ, ਤੀਰਥ ਇਸ਼ਨਾਨ, ਸੇਵਾ, ਪੁੰਨ-ਦਾਨ, ਨੇਕ-ਕਰਮ, ਪਰਉਪਕਾਰ, ਧਾਰਮਿਕ ਕ੍ਰਿਆ, ਧਾਰਮਿਕ ਪ੍ਰਚਾਰ, ਲਾਇਬ੍ਰੇਰੀਆਂ ਆਦਿ ਕਰਮ-ਕ੍ਰਿਆ ਦੀ ਬਹੁਲਤਾ ਤੇ ਪ੍ਰਫੁੱਲਤਾ ਦੇ ਬਾਵਜੂਦ ਸਾਡੀ ਧਾਰਮਿਕ ਅਤੇ ਆਤਮਿਕ ਅਵਸਥਾ ਨਿਘਰਦੀ ਜਾਂਦੀ ਹੈ, ਕਿਉਂਕਿ ਇਹ ਸਭ ਕੁਝ ਹਉਮੈ-ਵੇੜ੍ਹੇ ਮਨ ਦੀ 'ਮੈਂ-ਮੇਰੀ' ਦੀ ਭਾਵਨਾ ਨਾਲ ਕੀਤੇ ਜਾਂਦੇ ਹਨ ਅਤੇ ਸਾਨੂੰ ਤ੍ਰੈ-ਗੁਣੀ ਮਾਇਕੀ ਮੰਡਲ ਵਿਚ ਹੀ ਫਸਾਈ ਰਖਦੇ ਹਨ।

ਅਸਲ ਵਿਚ ਕੋਈ ਕ੍ਰਿਆ ਯਾ ਕਰਮ ਅਪਣੇ ਆਪ ਵਿਚ ਮਾੜਾ ਯਾ ਚੰਗਾ ਨਹੀਂ ਮਿਥਿਆ ਜਾ ਸਕਦਾ। ਉਸ ਕਰਮ ਦੇ ਪਿਛੇ 'ਭਾਵਨਾ' ਦੁਆਰਾ ਹੀ ਉਸ ਕਰਮ ਦੇ ਚੰਗੇ ਯਾ ਮਾੜੇ ਹੋਣ ਦਾ ਨਿਰਨਾ ਹੋ ਸਕਦਾ ਹੈ।

ਸਰੀਰਕ, ਮਾਇਕੀ, ਰਾਜਸੀ, ਮਾਨਸਿਕ, ਦਿਮਾਗੀ ਸ਼ਕਤੀਆਂ ਜੇ ਉੱਚੀ ਸੁੱਚੀ ਦੈਵੀ ਭਾਵਨਾ ਨਾਲ ਵਰਤੀਆਂ ਜਾਣ ਤਾਂ ਉਹਨਾਂ ਨੂੰ ਪੁੰਨ , ਨੇਕੀ, ਉਪਕਾਰ ਯਾ ਸੇਵਾ ਕਿਹਾ ਜਾਂਦਾ ਹੈ, ਪਰ ਜੇ ਨੀਵੀਆਂ ਰੁਚੀਆਂ ਯਾ ਨਿਜੀ ਸੁਆਰਥ ਨਾਲ ਵਰਤੀਆਂ ਜਾਣ ਤਾਂ ਉਹ ਕਰਮ ਹੀ 'ਪਾਪ'—'ਜ਼ੁਲਮ' ਕਹੇ ਜਾਂਦੇ ਹਨ।

ਪਾਪ ਕਰਹਿ ਪੰਚਾਂ ਕੇ ਬਸਿ ਰੇ ॥ (ਪੰਨਾ-1348)

ਪਾਪੋ ਪਾਪੁ ਕਮਾਵਦੇ ਪਾਪੇ ਪਚਹਿ ਪਚਾਹਿ ॥ (ਪੰਨਾ-36)

ਉਦਾਹਰਨ ਦੇ ਤੌਰ ਤੇ, ਬੱਚੀ ਦੀ ਪਾਲਣਾ—'ਮਾਂ' ਭੀ ਕਰਦੀ ਹੈ ਅਤੇ 'ਨਰਸ' ਭੀ। ਪਰ, ਇਹਨਾਂ ਦੋਹਾਂ ਦੀ 'ਸੇਵਾ' ਵਿਚ ਅਤਿਅੰਤੁ ਫਰਕ ਹੈ। 'ਨਰਸ' ਤਾਂ ਸਿਰਫ ਆਪਣੀ ਉਜਰਤ ਅਥਵਾ ਉਪਜੀਵਕਾ ਲਈ ਬੱਚੇ ਦੀ ਸੇਵਾ ਦੀ ਡਿਊਟੀ ਕਰਦੀ ਹੈ। ਦੂਜੇ ਪਾਸੇ 'ਮਾਂ' ਆਪਣੀ 'ਮਮਤਾ' ਦੇ ਪ੍ਰਾਇਣ ਹੋ ਕੇ ਬੱਚੇ ਦੇ ਪਾਲਣ-ਪੋਸਣ ਅਤੇ ਸੇਵਾ ਵਿਚ ਆਪਣਾ 'ਆਪਾ' ਨਿਛਾਵਰ ਕਰੀ ਜਾਂਦੀ ਹੈ ਅਤੇ ਇਸ ਘਾਲਣਾ ਬਾਬਤ—

ਦਿਖਾਵਾ ਨਹੀਂ ਕਰਦੀ
ਤਕਲੀਫ ਦੀ ਸ਼ਿਕਾਇਤ ਨਹੀਂ ਕਰਦੀ

ਵਡਿਆਈ ਦੀ ਲਾਲਸਾ ਨਹੀਂ ਰਖਦੀ
ਅਹਿਸਾਨ ਨਹੀਂ ਜਤਾਉਂਦੀ
ਮੁਆਵਜਾ ਨਹੀਂ ਮੰਗਦੀ
ਅੱਕਦੀ ਨਹੀਂ
ਥੱਕਦੀ ਨਹੀਂ।

ਇਸ ਲਈ ਮਾਇਕੀ ਮੰਡਲ ਦੀਆਂ ਸਾਰੀਆਂ ਸੇਵਾਵਾਂ ਵਿਚੋਂ 'ਮਾਂ-ਪਿਆਰ' ਵਾਲੀ ਸੇਵਾ ਵਿਲੱਖਣ, ਅਲੌਕਿਕ, ਨਿਸ਼ਕਾਮ, ਔਖੀ, ਗਾਖੜੀ, ਲਮੇਰੇ ਅਰਸੇ ਅਥਵਾ ਸਾਰੀ ਉਮਰ ਦੀ ਉਤਮ ਸੇਵਾ ਗਿਣੀ ਜਾਂਦੀ ਹੈ।

ਦੂਜੇ ਲਫ਼ਜ਼ਾਂ ਵਿਚ ਇਹ 'ਮਾਂ-ਪਿਆਰ' ਹੀ 'ਇਲਾਹੀ ਪਿਆਰ' ਦਾ ਮਾਇਕੀ ਮੰਡਲ ਵਿਚ ਪ੍ਰਤੀਬਿੰਬ ਤੇ ਪ੍ਰਤੀਕ ਹੈ, ਜੋ ਮਾਂ ਦੇ ਹਿਰਦੇ ਰਾਹੀਂ ਪ੍ਰਗਟ ਅਤੇ ਪ੍ਰਵਿਰਤ ਹੁੰਦਾ ਹੈ।

ਇਹ 'ਮਾਂ-ਪਿਆਰ' ਸਿਰਫ ਇਨਸਾਨਾਂ ਤਾਂਈਂ ਹੀ ਸੀਮਤ ਨਹੀਂ, ਬਲਕਿ ਕਾਇਨਾਤ ਦੀਆਂ ਹੋਰ ਜੂਨਾਂ ਵਿਚ ਭੀ ਪ੍ਰਵਿਰਤ ਹੈ।

ਇਸ ਲਈ ਗੁਰਬਾਣੀ ਵਿਚ 'ਇਲਾਹੀ ਪਿਆਰ' ਦੀ ਤੁਲਨਾ ਲਈ 'ਮਾਂ-ਪਿਆਰ' ਦੇ ਸੋਹਣੇ ਉਦਾਹਰਨ ਦਿਤੇ ਗਏ ਹਨ—

ਜਿਉ ਰਾਖੈ ਮਹਤਾਰੀ ਬਾਰਿਕ ਕਉ ਤੈਸੇ ਹੀ ਪ੍ਰਭ ਪਾਲ ॥ (ਪੰਨਾ-680)

ਹਰਿ ਜੀ ਮਾਤਾ ਹਰਿ ਜੀ ਪਿਤਾ ਹਰਿ ਜੀਉ ਪ੍ਰਤਿਪਾਲਕ ॥
ਹਰਿ ਜੀ ਮੇਰੀ ਸਾਰ ਕਰੇ ਹਮ ਹਰਿ ਕੇ ਬਾਲਕ ॥
ਸਹਜੇ ਸਹਜਿ ਖਿਲਾਇਦਾ ਨਹੀਂ ਕਰਦਾ ਆਲਕ ॥ (ਪੰਨਾ-1101)

ਖੇਲਿ ਖਿਲਾਇ ਲਾਡ ਲਾਡਾਵੈ ਸਦਾ ਸਦਾ ਅਨਦਾਈ ॥
ਪ੍ਰਤਿਪਾਲੈ ਬਾਰਿਕ ਕੀ ਨਿਆਈ ਜੈਸੇ ਮਾਤ ਪਿਤਾਈ॥ (ਪੰਨਾ-1214)

ਉਪਰਲੀਆਂ ਵਿਚਾਰਾਂ ਤੋਂ ਪਤਾ ਲਗਾ ਕੇ ਮਾਇਕੀ-ਮੰਡਲ ਵਿਚ ਸਾਡੀਆਂ ਸੇਵਾਵਾਂ

ਪੜ੍ਹੀਆਂ—ਪੜ੍ਹਾਈਆਂ
ਸੁਣੀਆਂ—ਸੁਣਾਈਆਂ
ਸਿਖੀਆਂ—ਸਿਖਾਈਆਂ
ਸਮਝੀਆਂ—ਸਮਝਾਈਆਂ
ਦੇਖਾ—ਦੇਖੀ
ਰੀਸੋ—ਰੀਸੀ

ਰਸਮੋਂ—ਰਸਮੀ

ਬੱਧਾ—ਚੱਟੀ

ਸਵਾਰਥ ਲਈ

ਕਾਮਨਾ ਲਈ

ਧਾਰਮਿਕ ਤਸੱਲੀ ਲਈ

ਹੀ ਕੀਤੀਆਂ ਜਾਂਦੀਆਂ ਹਨ।

ਇਹਨਾਂ ਮਾਇਕੀ ਮੰਡਲ ਦੀਆਂ ਸੇਵਾਵਾਂ ਵਿਚੋਂ ਮਾਂ ਦੀ ਬੱਚੇ ਲਈ 'ਸੇਵਾ' ਸ੍ਰੇਸ਼ਟ ਅਤੇ ਨਿਸ਼ਕਾਮ ਗਿਣੀ ਗਈ ਹੈ। ਇਸ ਦਾ ਕਾਰਨ ਇਹ ਹੈ ਕਿ ਬੱਚੇ ਦੀ 'ਸੇਵਾ' ਦੀ ਭਾਵਨਾ 'ਮਾਂ-ਪਿਆਰ' ਵਿਚੋਂ ਉਪਜਦੀ ਹੈ।

ਲਫਜ਼ 'ਉਪਜੀ' ਧਿਆਨ ਯੋਗ ਹੈ।

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ (ਪੰਨਾ-290)

ਬਾਕੀ ਸੇਵਾਵਾਂ ਤਾਂ ਅਸੀਂ ਬਾਹਰਲੀ ਪ੍ਰੇਰਨਾ ਯਾ ਆਪਣੀਆਂ ਰੁਚੀਆਂ ਅਨੁਸਾਰ ਕਰਦੇ ਹਾਂ। ਪਰ ਜਦ ਬੱਚੇ ਦਾ ਜਨਮ ਹੁੰਦਾ ਹੈ ਤਾਂ 'ਮਾਂ' ਦੇ ਹਿਰਦੇ ਅੰਦਰ 'ਮਾਂ-ਪਿਆਰ' ਦਾ 'ਸੋਮਾ' ਆਪ-ਮੁਹਾਰੇ ਅੰਤ੍ਰ-ਆਤਮਾ ਵਿਚੋਂ ਉਪਜਦਾ ਹੈ ਅਤੇ ਉਸੇ 'ਪਿਆਰ-ਭਾਵਨਾ' ਨਾਲ ਬੱਚੇ ਦੀ ਭਲੀ-ਭਾਂਤ ਸੇਵਾ ਅਤੇ ਪਾਲਣਾ ਹੁੰਦੀ ਹੈ।

ਇਹ 'ਮਾਂ-ਪਿਆਰ' ਦੀ 'ਭਾਵਨਾ' ਹੀ ਬੱਚੇ ਦੇ—

ਪਾਲਣ—ਪੋਸ਼ਣ

ਲਾਡ—ਲਡਾਉਣ

ਖੇਲ—ਖਿਲਾਉਣ

ਵਧਣ—ਫੁੱਲਣ

ਸ਼ੁਭ—ਇਛਾਵਾਂ

ਹਮਦਰਦੀ

ਆਦਿ, ਵਿਚ ਬੱਚੇ ਦੀ ਸਾਰੀ ਉਮਰ ਅਗਵਾਈ ਕਰਦੀ ਅਤੇ ਸਹਾਈ ਹੁੰਦੀ ਹੈ ਭਾਵੇਂ ਬੱਚਾ ਕਿਤਨੀਆਂ ਗਲਤੀਆਂ ਕਰੇ ਅਤੇ ਵਡੇਰੀ ਉਮਰ ਦਾ ਭੀ ਹੋ ਜਾਵੇ।

ਮਾਇਕੀ ਮੰਡਲ ਵਿਚ, ਹਉਮੈ ਵੇੜ੍ਹੇ ਮਨ ਨਾਲ ਅਸੀਂ ਜੋ ਸੇਵਾ ਯਾ ਨੇਕੀ ਕਰਦੇ ਹਾਂ, ਉਹਦੇ ਪਿਛੇ ਸੁਆਰਥ, ਕਾਮਨਾ ਅਤੇ ਵਾਸ਼ਨਾ ਦੀ ਅੰਸ਼ ਹੁੰਦੀ ਹੈ ਯਾ 'ਵਾਹ-ਵਾਹ' ਦੀ ਗੁੱਝੀ ਭੁੱਖ ਹੁੰਦੀ ਹੈ। ਇਸ ਲਈ ਐਸੀ ਸੇਵਾ ਦੀ ਕਦਰ-ਕੀਮਤ ਮਾਇਕੀ-ਮੰਡਲ ਵਿਚ

ਕਰਮਿਕ ਨਿਯਮ (karmic law) ਅਨੁਸਾਰ ਪੈਂਦੀ ਹੈ—ਪਰ ਆਤਮਿਕ ਮੰਡਲ ਅਥਵਾ ਇਲਾਹੀ ਦਰਬਾਰ ਵਿਚ ਇਹਨਾਂ ਦੀ ਪਹੁੰਚ ਯਾ ਗਿਣਤੀ ਨਹੀਂ ਹੁੰਦੀ।

ਉਦਾਹਰਨ ਦੇ ਤੌਰ ਤੇ ਜਦ ਦੋ ਰੂਹਾਂ—ਇਕ 'ਅਮੀਰ' ਅਤੇ ਇਕ 'ਗਰੀਬ' ਦਾ ਜਦ ਦਰਗਾਹ ਵਿਚ ਲੇਖਾ ਹੋਇਆ ਤਾਂ ਅਮੀਰ ਦੀ ਰੂਹ ਨੂੰ ਬੜੀ ਆਸ ਸੀ ਕਿ ਉਸਦਾ ਦਰਗਾਹ ਵਿਚ ਬੜਾ ਆਦਰ ਭਾਓ ਅਤੇ ਮਾਣ ਹੋਵੇਗਾ—ਕਿਉਂਕਿ ਉਸ 'ਅਮੀਰ' ਨੇ ਦੁਨੀਆਂ ਵਿਚ ਕਈ ਸਕੂਲ, ਕਾਲਜ, ਲਾਇਬ੍ਰੇਰੀਆਂ, ਯਤੀਮ ਖਾਨੇ, ਵਿਧਵਾ ਆਸ਼ਰਮ, ਧਾਰਮਿਕ ਅਸਥਾਨ ਬਣਵਾਏ ਅਤੇ ਹੋਰ ਅਨੇਕਾਂ ਪਾਠ-ਪੂਜਾ, ਕਰਮ-ਕਾਂਡ, ਦਾਨ-ਪੁੰਨ ਕਰਵਾਏ ਸਨ। ਪਰ, ਫੇਰ ਭੀ ਧਰਮਰਾਏ ਦੇ ਰੀਕਾਰਡ ਵਿਚ ਕੋਈ 'ਆਤਮਿਕ ਸੇਵਾ' ਦਾ ਲੇਖਾ ਨਾ ਨਿਕਲਿਆ। ਉਸ ਨੂੰ ਦਸਿਆ ਗਿਆ ਕਿ ਜੋ ਭੀ ਉਸ ਨੇ ਪੁੰਨ-ਦਾਨ ਅਤੇ ਨੇਕੀਆਂ ਆਦਿ ਦੁਨੀਆਂ ਵਿਚ ਕੀਤੀਆਂ ਹਨ ਉਹਨਾਂ ਸਾਰਿਆਂ ਦਾ 'ਫਲ' ਅਥਵਾ ਮੁਆਵਜ਼ਾ ਉਸ ਨੂੰ ਮਾਇਕੀ ਮੰਡਲ ਵਿਚ ਹੀ ਵਡਿਆਈ ਅਤੇ 'ਵਾਹ-ਵਾਹ' ਦੀ ਸ਼ਕਲ ਵਿਚ ਮਿਲ ਚੁਕਿਆ ਹੈ। 'ਆਤਮਿਕ ਖਾਤੇ' ਵਿਚ ਉਸਦਾ ਕੋਈ 'ਖਾਤਾ' ਨਹੀਂ ਹੈ—ਕਿਉਂਕਿ ਉਸਨੇ ਆਪਾ ਵਾਰ ਕੇ ਨਿਸ਼ਕਾਮ ਸੇਵਾ ਕੋਈ ਨਹੀਂ ਕੀਤੀ। ਉਸ ਦੀਆਂ ਸਾਰੀਆਂ ਹਉਂਧਾਰੀ 'ਨੇਕੀਆਂ' ਦਾ ਭੁਗਤਾਨ 'ਮਾਇਕੀ ਮੰਡਲ' ਵਿਚ ਹੀ ਹੋ ਚੁਕਿਆ ਹੈ।

ਵਿਚਿ ਹਉਮੈ ਸੇਵਾ ਥਾਇ ਨ ਪਾਏ ॥
ਜਨਮਿ ਮਰੈ ਫਿਰਿ ਆਵੈ ਜਾਏ ॥ (ਪੰਨਾ-1070)

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ (ਪੰਨਾ-1428)

ਪਰ ਗਰੀਬ 'ਰੂਹ' ਨੇ, ਆਤਿ ਗਰੀਬੀ ਦੀ ਹਾਲਤ ਵਿਚ ਹੁੰਦਿਆਂ ਹੋਇਆਂ ਭੀ, ਆਪਣਾ 'ਆਪਾ' ਵਾਰ ਕੇ ਜੋ ਭੀ ਤਿਲ-ਮਾਤਰ ਨਿਸ਼ਕਾਮ ਸੇਵਾ ਕੀਤੀ—ਉਹੀ ਦਰਗਾਹ ਵਿਚ 'ਲੇਖੇ' ਲਗ ਗਈ ਅਤੇ ਦਰਗਾਹ ਵਿਚ ਉਸ ਦਾ ਆਦਰ-ਮਾਣ ਹੋਇਆ ਅਤੇ ਹੋਰ ਬਖਸ਼ਿਸ਼ਾਂ ਦਾ ਪਾਤਰ ਬਣਿਆ।

ਭਾਵਨੀ ਭਗਤਿ ਭਾਇ ਕਉਡੀ ਅਗ੍ਰ ਭਾਗ ਰਾਖੈ
ਤਾਹਿ ਗੁਰ ਸਰਬ ਨਿਧਾਨ ਦਾਨ ਦੇਤ ਹੈ॥ (ਕਾ. ਭਾ. ਗੁ. -111)

ਉਪਰਲੀਆਂ ਸਾਰੀਆਂ ਵਿਚਾਰਾਂ ਤ੍ਰੈ-ਗੁਣੀ ਮਾਇਕੀ ਮੰਡਲ ਦੇ ਭਰਮ-ਭੁਲਾਵੇ ਵਿਚ ਪ੍ਰਚਲਤ ਸੇਵਾਵਾਂ ਤਾਈਂ ਸੀਮਤ ਹਨ।

ਤ੍ਰੈ-ਗੁਣਾਂ ਤੋਂ ਪਰੇ ਇਲਾਹੀ ਮੰਡਲ ਦੀ ਸੇਵਾ 'ਹੋਰਵੇਂ' ਹੈ, ਜੋ ਨਿਰੋਲ ਆਤਮ ਪਦ

ਦੀ ਖੇਲ ਹੈ। ਆਤਮਿਕ ਮੰਡਲ ਦੀ ਸੇਵਾ ਦੇ ਪਿਛੇ ਕੋਈ—

ਸਵਾਰਥ
ਲੋਕਾਚਾਰੀ
ਰੀਸ
ਬੱਧਾ-ਚੱਟੀ
ਵਾਸ਼ਨਾ
ਕਾਮਨਾ
ਡਰ-ਭੈ
ਹਉਮੈ
ਮੈਂ-ਮੇਰੀ

ਨਹੀਂ ਹੁੰਦੀ।

ਇਹ ਇਲਾਹੀ ਸੇਵਾ—

ਦੂਜੇ-ਭਾਉ ਤੋਂ ਉਪਰ ਉੱਠ ਕੇ,
ਹਉਮੈ ਦੇ ਅਭਾਵ ਵਿਚ,
ਬੈ-ਖਰੀਦ ਗੋਲਾ ਬਣ ਕੇ,
ਅਪਣਾ ਆਪਾ ਵਾਰ ਕੇ,
ਹੁਕਮੀ ਬੰਦਾ ਬਣ ਕੇ

'ਹੁਕਮ' ਦੀ ਕਾਰ ਕਮਾਉਣੀ ਹੈ।

ਮੈਂ ਬੰਦਾ ਬੈਖਰੀਦੁ ਸਚੁ ਸਾਹਿਬੁ ਮੇਰਾ ॥
ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ ॥ (ਪੰਨਾ-396)

ਆਪੁ ਗਵਾਇ ਸੇਵਾ ਕਰੇ ਤਾਂ ਕਿਛੁ ਪਾਏ ਮਾਨੁ ॥ (ਪੰਨਾ-474)

ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥
ਗੁਰ ਕੀ ਬਚਨੀ ਹਾਟਿ ਬਿਕਾਨਾ ਜਿਤੁ ਲਾਇਆ ਤਿਤੁ ਲਾਗਾ ॥ (ਪੰ.-991)

ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰ ਬਾਹਰਿ ਮਾਹਰੁ ਜੀਉ ॥
(ਪੰਨਾ-101)

ਇਹ ਇਲਾਹੀ ਸੇਵਾ ਤਾਂ ਸਤਿਗੁਰੂ ਦੇ—

ਪ੍ਰੀਤ
ਪਿਆਰ

ਚਾਉ

ਉਮਾਹ

ਪ੍ਰੇਮ-ਸਵੈਪਨਾ

ਦੇ—

ਨਸ਼ੇ ਵਿਚ ਮਖ਼ਮੂਰ ਹੋ ਕੇ
ਭਾਣੇ ਵਿਚ 'ਸੁਰ' ਹੋ ਕੇ
ਇਲਾਹੀ ਹਥਿਆਰ ਬਣ ਕੇ

ਹੀ ਹੋ ਸਕਦੀ ਹੈ।

ਸੇਵਕੁ ਸੇਵਾ ਤਾਂ ਕਰੇ ਸਚ ਸਬਦਿ ਪਤੀਣਾ ॥ (ਪੰਨਾ-767)

ਨਾਨਕ ਸੇਵਕੁ ਸੋਈ ਆਖੀਐ ਜਿ ਸਚਿ ਰਹੈ ਲਿਵ ਲਾਇ ॥ (ਪੰਨਾ-1251)

ਆਪੇ ਸੇਵਾ ਲਾਇਦਾ ਪਿਆਰਾ ਆਪੇ ਭਗਤਿ ਉਮਾਹਾ ॥ (ਪੰਨਾ-606)

ਆਪੇ ਸੇਵਾ ਲਾਇਅਨੁ ਆਪੇ ਬਖਸ ਕਰੇਇ ॥ (ਪੰਨਾ-653)

ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥ (ਪੰਨਾ-400)

ਇਹੋ ਜੇਹੀ ਨਿਸ਼ਕਾਮ ਤੇ ਨਿਰਬਾਣ ਸੇਵਾ ਹੀ ਸਹੀ ਅਰਥਾਂ ਵਿਚ 'ਆਤਮਿਕ ਸੇਵਾ' ਅਥਵਾ 'ਗੁਰ ਕੀ ਸੇਵਾ' ਅਖਵਾ ਸਕਦੀ ਹੈ।

ਸੇਵਾ ਕਰਤ ਹੋਇ ਨਿਹਕਾਮੀ ॥
ਤਿਸੁ ਕਉ ਹੋਤ ਪਰਾਪਤਿ ਸੁਆਮੀ ॥ (ਪੰਨਾ-287)

ਗੁਰਬਾਣੀ ਵਿਚ ਐਸੀ ਉੱਚੀ-ਸੁੱਚੀ, ਨਿਰਮਲ, ਨਿਰਬਾਣ, ਇਲਾਹੀ ਮੰਡਲ ਦੀ 'ਆਤਮਿਕ ਸੇਵਾ' ਨੂੰ ਇਉਂ ਦਰਸਾਇਆ ਤੇ ਵਡਿਆਇਆ ਹੈ—

ਸਤਿਗੁਰ ਕਾ ਭਾਣਾ ਮੰਨਿ ਲਈ ਵਿਚਹੁ ਆਪੁ ਗਵਾਇ ॥
ਏਹਾ ਸੇਵਾ ਚਾਕਰੀ ਨਾਮੁ ਵਸੈ ਮਨਿ ਆਇ ॥ (ਪੰਨਾ-34)

ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ ॥ (ਪੰਨਾ-314)

ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥ (ਪੰਨਾ-421)

ਮੁਕਤਿ ਭੁਗਤਿ ਜੁਗਤਿ ਤੇਰੀ ਸੇਵਾ ਜਿਸ ਤੂੰ ਆਪਿ ਕਰਾਇਹਿ ॥ (ਪੰ.-749)

ਸਤਿਗੁਰੁ ਸੇਵਨਿ ਆਪਣਾ ਗੁਰ ਸਬਦੀ ਵੀਚਾਰਿ ॥
ਸਤਿਗੁਰ ਕਾ ਭਾਣਾ ਮੰਨਿ ਲੈਨਿ ਹਰਿਨਾਮੁ ਰਖਹਿ ਉਰਧਾਰਿ ॥ (ਪੰਨਾ-1415)

'ਸੇਵਾ' ਕਿਸ ਦੀ ਕਰਨੀ ਚਾਹੀਦੀ ਹੈ ?

ਇਸ ਦੇ ਜਵਾਬ ਵਿਚ ਗੁਰਬਾਣੀ ਇਉਂ ਉਪਦੇਸ਼ ਦਿੰਦੀ ਹੈ—

ਮੇਰੇ ਮਨ ਸੇਵਹੁ ਸੋ ਪ੍ਰਭ ਸ੍ਰਬ ਸੁਖਦਾਤਾ
ਜਿਤੁ ਸੇਵਿਐ ਨਿਜਘਰਿ ਵਸੀਐ ॥ (ਪੰਨਾ-170)

ਟਹਲ ਕਰਹੁ ਤਉ ਏਕ ਕੀ ਜਾ ਤੇ ਬ੍ਰਿਥਾ ਨ ਕੋਇ ॥
ਮਨਿ ਤਨਿ ਮੁਖਿ ਹੀਐ ਬਸੈ ਜੋ ਚਾਹਹੁ ਸੋ ਹੋਇ ॥ (ਪੰਨਾ-255)

ਨਾਨਕ ਸੇਵਾ ਕਰਹੁ ਹਰਿ ਗੁਰ ਸਫਲ ਦਰਸਨ ਕੀ
ਫਿਰਿ ਲੇਖਾ ਮੰਗੈ ਨ ਕੋਈ ॥ (ਪੰਨਾ-306)

ਸੰਤ ਸੇਵਾ ਕਰਿ ਭਾਵਨੀ ਲਾਈਐ ਤਿਆਗਿ ਮਾਨੁ ਹਾਠੀਲਾ॥ (ਪੰਨਾ-498)

ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ
ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ ॥ (ਪੰਨਾ-493)

ਤਿਸੁ ਚਰਣ ਪਖਾਲੀ ਜੋ ਤੇਰੈ ਮਾਰਗਿ ਚਾਲੈ ॥ (ਪੰਨਾ-102)

ਟਹਲ ਕਰਉ ਤੇਰੇ ਦਾਸ ਕੀ ਪਗ ਝਾਰਉ ਬਾਲ ॥ (ਪੰਨਾ-810)

ਜਨ ਕੀ ਟਹਲ ਸੰਭਾਖਨੁ ਜਨ ਸਿਉ ਊਠਨੁ ਬੈਠਨੁ ਜਨ ਕੈ ਸੰਗਾ ॥
(ਪੰਨਾ-828)

ਮਾਣਸ ਸੇਵਾ ਖਰੀ ਦੁਹੇਲੀ ॥
ਸਾਧ ਕੀ ਸੇਵਾ ਸਦਾ ਸੁਹੇਲੀ ॥ (ਪੰਨਾ-1182)

ਆਉ ਸਖੀ ਸੰਤ ਪਾਸਿ ਸੇਵਾ ਲਾਗੀਐ ॥
ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥ (ਪੰਨਾ-457)

ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥
ਰਾਮੁ ਜੁ ਦਾਤਾ ਮੁਕਤਿ ਕਾ ਸੰਤੁ ਜਪਾਵੈ ਨਾਮੁ ॥ (ਪੰਨਾ-1373)

ਗੁਰਮੁਖਿ ਸੇਵਾ ਗੁਰ ਸਿਖਾ ਗੁਰ ਸਿਖ ਮਾ ਪਿਉ ਭਾਈ ਮਿਤਾ।
(ਵਾ. ਭਾ. ਗੁ. 5/2)

ਗੁਰ ਸਿਖੀ ਦਾ ਸਿਖਣਾ ਗੁਰਮੁਖਿ ਸਾਧ ਸੰਗਤ ਦੀ ਸੇਵਾ।
(ਵਾ. ਭਾ. ਗੁ. 28/4)

ਇਹੋ ਜੇਹੀ ਉਚੀ-ਸੁੱਚੀ ਨਿਸ਼ਕਾਮ ਆਤਮਿਕ ਸੇਵਾ ਤੋਂ ਇਲਾਵਾ ਹੋਰ ਕਿਸੇ ਕਿਸਮ ਦੀ ਸੇਵਾ ਆਤਮ-ਮੰਡਲ ਵਿਚ ਪ੍ਰਵਾਨ ਨਹੀਂ ਹੈ—

ਨਾਮ ਸੰਗਿ ਮਨਿ ਪ੍ਰੀਤਿ ਨ ਲਾਵੈ ॥
ਕੋਟਿ ਕਰਮ ਕਰਤੋ ਨਰਕਿ ਜਾਵੈ ॥ (ਪੰਨਾ-240)

ਪ੍ਰਭੁ ਤਜਿ ਅਵਰ ਸੇਵਕੁ ਜੇ ਹੋਈ ਹੈ ਤਿਤੁ ਮਾਨੁ ਮਹਤੁ ਜਸੁ ਘਾਟੈ ॥
(ਪੰਨਾ-497)

ਰਾਮ ਭਗਤਿ ਬਿਨੁ ਨਿਹਫਲ ਸੇਵਾ ॥ (ਪੰਨਾ-1158)

ਝੂਠੁ ਝੂਠੁ ਝੂਠੁ ਝੂਠੁ ਆਨ ਸਭ ਸੇਵ ॥ (ਪੰਨਾ-1166)

ਦੂਜੀ ਸੇਵਾ ਜੀਵਨੁ ਬਿਰਥਾ ॥
ਕਛੂ ਨ ਹੋਈ ਹੈ ਪੂਰਨ ਅਰਥਾ ॥ (ਪੰਨਾ-1182)

ਸੇਵਾ ਤੋਂ ਬਗੈਰ ਇਹ ਮਨੁੱਖਾ-ਜਨਮ ਵਿਅਰਥ ਅਤੇ ਧ੍ਰਿਗ ਹੈ। ਇਸ ਦੀ ਬਾਬਤ ਗੁਰਬਾਣੀ ਵਿਚ ਸਾਨੂੰ ਸਖਤ ਤਾੜਨਾ ਕੀਤੀ ਗਈ ਹੈ—

ਸਤਿਗੁਰੁ ਜਿਨੀ ਨ ਸੇਵਿਓ ਸੇ ਕਿਤੁ ਆਏ ਸੰਸਾਰਿ ॥
ਜਮ ਦਰਿ ਬਧੇ ਮਾਰੀਅਹਿ ਕੂਕ ਨ ਸੁਣੈ ਪੁਕਾਰੁ ॥
ਬਿਰਥਾ ਜਨਮੁ ਗਵਾਇਆ ਮਰਿ ਜੰਮਹਿ ਵਾਰੋ ਵਾਰ ॥ (ਪੰਨਾ-69)

ਸਤਿਗੁਰੁ ਨ ਸੇਵੇ ਸੋ ਕਾਹੇ ਆਇਆ ॥
ਧ੍ਰਿਗੁ ਜੀਵਣੁ ਬਿਰਥਾ ਜਨਮੁ ਗਵਾਇਆ ॥ (ਪੰਨਾ-129)

ਸਤਿਗੁਰੁ ਜਿਨਾ ਨ ਸੇਵਿਓ ਸਬਦਿ ਨ ਲਗੋ ਪਿਆਰੁ ॥
ਸਹਜੇ ਨਾਮੁ ਨ ਧਿਆਇਆ ਕਿਤੁ ਆਇਆ ਸੰਸਾਰਿ ॥ (ਪੰਨਾ-512)

ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਜੇਤੇ ਕਰਮ ਕਮਾਹਿ ॥
ਬਿਨੁ ਸਤਿਗੁਰ ਸੇਵੇ ਠਵਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥
ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨਿ ਆਇ ॥
ਨਾਨਕ ਬਿਨੁ ਸਤਿਗੁਰ ਸੇਵੇ ਜਮਪੁਰਿ ਬਧੇ ਮਾਰੀਅਹਿ
ਮੁਹਿ ਕਾਲੈ ਉਠਿ ਜਾਹਿ ॥ (ਪੰਨਾ-552)

ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ ਪੜਿ ਥਾਕੇ ਸਾਂਤਿ ਨ ਆਈ ਹੈ।
(ਪੰਨਾ-1046)

ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥ (ਪੰ.-1131)

ਗੁਰ ਸੇਵਾ ਬਿਨੁ ਭਗਤਿ ਨ ਹੋਇ ॥
ਅਨੇਕ ਜਤਨ ਕਰੈ ਜੇ ਕੋਈ ॥ (ਪੰਨਾ-1342)

ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ॥
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ ॥ (ਪੰਨਾ-1374)

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ (ਪੰਨਾ-1418)

ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ॥
(ਵਾ. ਭਾ. ਗੁ. 27/10)

ਗੁਰਬਾਣੀ ਵਿਚ ਉੱਚੀ-ਸੁੱਚੀ ਆਤਮਿਕ ਸੇਵਾ ਦੀ ਬਹੁਤ ਵਡਿਆਈ ਕੀਤੀ ਗਈ ਹੈ। 'ਸੇਵਾ' ਦੇ ਅਨੇਕਾਂ ਗੁਣਾਂ ਵਿਚੋਂ ਕੁਝ ਕੁ ਸੰਖੇਪ ਗੁਣਾਂ ਨੂੰ ਹੇਠਾਂ ਦਰਸਾਇਆ ਜਾਂਦਾ ਹੈ—

ਆਤਮਿਕ 'ਸੇਵਾ' ਕਰਨ ਨਾਲ ਨਾਮ ਦੀ ਪ੍ਰਾਪਤੀ ਹੁੰਦੀ ਹੈ—

ਜਿਨੀ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥ (ਪੰਨਾ-26)

ਗੁਰ ਸੇਵਾ ਨਾਉ ਪਾਈਐ ਸਚੇ ਰਹੈ ਸਮਾਇ ॥ (ਪੰਨਾ-33)

ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ (ਪੰਨਾ-86)

ਸਤਿਗੁਰੁ ਸੇਵਿ ਸੁਖੁ ਪਾਇਆ ਸਚੁ ਨਾਮੁ ਗੁਣਤਾਸੁ ॥ (ਪੰਨਾ-86)

ਸਤਿਗੁਰੁ ਸੇਵੀਐ ਆਪਣਾ ਪਾਈਐ ਨਾਮੁ ਅਪਾਰੁ ॥ (ਪੰਨਾ-313)

ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥
ਨਾਮੁ ਪਦਾਰਥੁ ਪਾਈਐ ਅਚਿੰਤ ਵਸੈ ਮਨਿ ਆਇ ॥ (ਪੰਨਾ-552)

'ਸੇਵਾ' ਦੁਆਰਾ 'ਨਾਮ' ਮਨ ਵਿਚ ਵਸਦਾ ਹੈ—

ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ ਗੁਰ ਕਿਰਪਾ ਤੇ ਪਾਵਣਿਆ ॥ (ਪੰ.-129)

ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥ (ਪੰਨਾ-590)

ਸਤਿਗੁਰੁ ਸੇਵਿ ਨਾਮੁ ਵਸੈ ਮਨਿ ਚੀਤਿ ॥ (ਪੰਨਾ-832)

ਗੁਰ ਸੇਵੇ ਜੇਵਡੁ ਹੋਰੁ ਲਾਹਾ ਨਾਹੀ ॥
ਨਾਮੁ ਮੰਨਿ ਵਸੈ ਨਾਮੋ ਸਾਲਾਹੀ ॥ (ਪੰਨਾ-1062)

'ਸੇਵਾ' ਕਰਦਿਆਂ ਹੋਇਆਂ 'ਹਰੀ' ਆਪ ਮਨ ਵਿਚ ਵਸ ਜਾਂਦਾ ਹੈ—

ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ ॥ (ਪੰਨਾ-69)

ਗੁਰ ਸੇਵਾ ਤਪਾ ਸਿਰਿ ਤਪੁ ਸਾਰੁ ॥
ਹਰਿ ਜੀਉ ਮਨਿ ਵਸੈ ਸਭ ਦੂਖ ਵਿਸਾਰਣਹਾਰੁ ॥ (ਪੰਨਾ-423)

ਪੂਰੇ ਗੁਰ ਕੀ ਸੇਵਾ ਕੀਨੀ ਅਚਿੰਤੁ ਹਰਿ ਮੰਨਿ ਵਸਾਇਆ ॥ (ਪੰਨਾ-600)

ਉੱਚੀ-ਸੁੱਚੀ ਆਤਮਿਕ ਸੇਵਾ ਕਰਨ ਨਾਲ ਹੀ 'ਸਚ' ਅਥਵਾ 'ਨਾਮ' ਵਿਚ ਸਮਾਈਦਾ ਹੈ—

ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪ ਸਮਾਸੀ॥
(ਪੰਨਾ-11)

ਵਡੀ ਵਡਿਆਈ ਗੁਰਸੇਵਾ ਤੇ ਪਾਏ ॥
ਨਾਨਕ ਨਾਮਿ ਰਤੇ ਹਰਿ ਨਾਮਿ ਸਮਾਏ ॥ (ਪੰਨਾ-160)

ਜਿਨਿ ਸੇਵਿਆ ਤਿਨਿ ਸੁਖੁ ਪਾਇਆ ਹਰਿਨਾਮਿ ਸਮਾਇਆ ॥ (ਪੰਨਾ-849)

'ਸੇਵਾ' ਕਰਨ ਦੇ ਨਾਲ 'ਹਰਿ ਰਸ' ਦੀ ਪ੍ਰਾਪਤੀ ਭੀ ਹੁੰਦੀ ਹੈ—

ਜਿਨਿ ਸਤਿਗੁਰੁ ਸੇਵਿਆ ਤਿਨੀ ਪਾਇਆ ਨਾਮੁ ਨਿਧਾਨੁ ॥
ਅੰਤਰਿ ਹਰਿਰਸੁ ਰਵਿ ਰਹਿਆ ਚੂਕਾ ਮਨਿ ਅਭਿਮਾਨੁ ॥ (ਪੰਨਾ-26)

ਗੁਰ ਸੇਵਾ ਤੇ ਹਰਿ ਮਨਿ ਵਸਿਆ ਹਰਿਰਸੁ ਸਹਜਿ ਪੀਆਵਣਿਆ ॥
(ਪੰਨਾ-128)

ਜਿਨਿ ਸਚੁ ਸੇਵਿਆ ਤਿਨਿ ਰਸੁ ਪਾਇਆ ॥
ਨਾਨਕ ਸਹਜੇ ਨਾਮਿ ਸਮਾਇਆ ॥ (ਪੰਨਾ-1174)

'ਸੇਵਾ' ਕਰਨ ਦੁਆਰਾ ਸਹਿਜੇ ਹੀ 'ਰੱਬੀ-ਦਰਸ਼ਨ' ਹੁੰਦੇ ਹਨ—

ਸੇਵਾ ਸੁਰਤਿ ਬਿਭੂਤ ਚੜਾਵੈ ॥
ਦਰਸਨੁ ਆਪਿ ਸਹਜ ਘਰਿ ਆਵੈ ॥ (ਪੰਨਾ-411)

ਰਾਮੁ ਜਪਹੁ ਮੇਰੀ ਸਖੀ ਸਖੈਨੀ ॥
ਸਤਿਗੁਰੁ ਸੇਵਿ ਦੇਖਹੁ ਪ੍ਰਭੁ ਨੈਨੀ ॥ (ਪੰਨਾ-416)

ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ ॥ (ਪੰਨਾ-610)

ਹਰਿ ਹਰਿ ਸੇਵਕੁ ਸੇਵਾ ਲਾਗੈ ਸਭੁ ਦੇਖੈ ਬ੍ਰਹਮ ਪਸਾਰੈ ॥ (ਪੰਨਾ-982)

'ਸੇਵਾ' ਕਰਨ ਨਾਲ 'ਹਉਮੈ' ਭੀ ਮਰਦੀ ਹੈ—

ਗੁਰ ਕੀ ਸੇਵਾ ਸਬਦੁ ਵੀਚਾਰੁ ॥
ਹਉਮੈ ਮਾਰੇ ਕਰਣੀ ਸਾਰ ॥ (ਪੰਨਾ-੨੨੩)

ਭਨਤਿ ਨਾਨਕੁ ਸੁਣਹੁ ਜਨ ਭਾਈ ॥
ਸਤਿਗੁਰੁ ਸੇਵਹਿ ਹਉਮੈ ਮਲੁ ਜਾਈ ॥ (ਪੰਨਾ-852)

ਸਤਿਗੁਰੁ ਅਪਣਾ ਸਦਹੀ ਸੇਵਹਿ ਹਉਮੈ ਵਿਚਹੁ ਜਾਈ ਹੇ ॥ (ਪੰਨਾ-1044)

'ਸੇਵਾ' ਦੁਆਰਾ ਮਨ 'ਨਿਰਮਲ' ਹੁੰਦਾ ਹੈ—

ਗੁਰ ਕੀ ਸੇਵਾ ਚਾਕਰੀ ਮਨੁ ਨਿਰਮਲੁ ਸੁਖੁ ਹੋਇ ॥ (ਪੰਨਾ-61)

ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥ (ਪੰਨਾ-593)

ਗੁਰ ਸੇਵਾ ਤੇ ਜਨੁ ਨਿਰਮਲੁ ਹੋਇ ॥ (ਪੰਨਾ-664)

ਸਾਧ ਕੀ ਸਚੁ ਟਹਲ ਕਮਾਨੀ ॥
ਤਬ ਹੋਏ ਮਨ ਸੁਧ ਪਰਾਨੀ ॥ (ਪੰਨਾ-898)

'ਸੇਵਾ' ਕਰਨ ਨਾਲ 'ਪਾਪ' ਭੀ ਨਾਸ਼ ਹੁੰਦੇ ਹਨ—

ਕੋਟਿ ਪਰਾਧ ਮਿਟੇ ਤੇਰੀ ਸੇਵਾ ਦਰਸਨਿ ਦੂਖੁ ਉਤਾਰਿਓ ॥ (ਪੰਨਾ-529)

ਜੋ ਹਰਿ ਸੇਵਹਿ ਸੰਤ ਭਗਤ ਤਿਨ ਕੇ ਸਭਿ ਪਾਪ ਨਿਵਾਰੀ ॥ (ਪੰਨਾ-666)

ਵਡੈ ਭਾਗਿ ਭੇਟੈ ਗੁਰ ਦੇਵਾ ॥
ਕੋਟਿ ਪਰਾਧ ਮਿਟੈ ਹਰਿ ਸੇਵਾ ॥ (ਪੰਨਾ-684)

ਸੇਵਾ ਕਰਨ ਨਾਲ ਤ੍ਰਿਸ਼ਨਾ ਭੀ ਨਾਸ਼ ਹੁੰਦੀ ਹੈ—

ਜਿਨਿ ਸੇਵਿਆ ਤਿਨਿ ਫਲੁ ਪਾਇਆ
ਤਿਸੁ ਜਨ ਕੀ ਸਭ ਭੁਖ ਗਵਾਈਐ॥ (ਪੰਨਾ-590)

ਮੇਰੇ ਮਨ ਹਰਿ ਸੇਵਹਿ ਸੁਖਦਾਤਾ ਸੁਆਮੀ
ਜਿਸੁ ਸੇਵਿਐ ਸਭ ਭੁਖ ਲਹਾਸਾ ॥ (ਪੰਨਾ-860)

ਸਤਿਗੁਰ ਸੇਵੇ ਕੀ ਵਡਿਆਈ ਤ੍ਰਿਸਨਾ ਭੂਖ ਗਵਾਈ ਹੇ॥ (ਪੰਨਾ-1044)

ਗੁਰ ਸੇਵਾ ਤੇ ਅੰਮ੍ਰਿਤ ਫਲੁ ਪਾਇਆ ਹਉਮੈ ਤ੍ਰਿਸਨ ਬੁਝਾਈ ॥ (ਪੰਨਾ-1155)

ਸੇਵਾ ਦੁਆਰਾ 'ਦੁਖਾਂ' ਦੀ ਨਿਵਿਰਤੀ ਭੀ ਹੁੰਦੀ ਹੈ—

ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ ॥ (ਪੰਨਾ-724)

ਗੁਰ ਕੀ ਸੇਵਾ ਦੂਖੁ ਨ ਲਾਗੀ ॥ (ਪੰਨਾ-865)

ਸਗਲੇ ਦੂਖ ਮਿਟਹਿ ਗੁਰ ਸੇਵਾ ਨਾਨਕ ਨਾਮੁ ਸਖਾਈ ॥ (ਪੰਨਾ-1127)

ਜਿਨਿ ਗੁਰੁ ਸੇਵਿਆ ਤਿਸੁ ਦੂਖੁ ਨ ਸੰਤਾਪੈ ॥ (ਪੰਨਾ-1142)

ਸੇਵਾ ਕਰਨ ਨਾਲ ਸਦੀਵੀ ਸੁਖ ਦੀ ਪ੍ਰਾਪਤੀ ਹੁੰਦੀ ਹੈ—

ਗੁਰ ਸੇਵਾ ਤੇ ਸਦਾ ਸੁਖੁ ਪਾਇਆ ॥ (ਪੰਨਾ-110)

ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥ (ਪੰ.-336)

ਜਿਨੀ ਸਤਿਗੁਰੁ ਪਿਆਰਾ ਸੇਵਿਆ ਤਿਨਾ ਸੁਖੁ ਸਦ ਹੋਈ ॥ (ਪੰ.-451)

ਸੇਵਾ ਕਰਨ ਨਾਲ ਮਨ ਇੱਛਤ ਫਲ ਭੀ ਪ੍ਰਾਪਤ ਹੁੰਦੇ ਹਨ—

ਸਤਗੁਰ ਕੀ ਸੇਵਾ ਅਤਿ ਸੁਖਾਲੀ ਜੋ ਇਛੇ ਸੋ ਫਲੁ ਪਾਏ ॥ (ਪੰਨਾ-31)

ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥ (ਪੰਨਾ-116)

ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ
ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ ॥ (ਪੰਨਾ-490)

ਸਫਲ ਸੇਵਾ ਸੁਆਮੀ ਮੇਰੇ ਕੀ ਮਨ ਬਾਂਛਤ ਫਲ ਪਾਵਹੁ ॥ (ਪੰਨਾ-1218)

ਸੇਵਾ ਕਰਨ ਨਾਲ ਮਨੁਖਾ ਜਨਮ ਸਫਲ ਹੁੰਦਾ ਹੈ—

ਇਕਿ ਸਤਿਗੁਰ ਕੀ ਸੇਵਾ ਕਰਹਿ ਚਾਕਰੀ ਹਰਿ ਨਾਮੇ ਲਗੈ ਪਿਆਰੁ ॥
ਨਾਨਕ ਜਨਮੁ ਸਵਾਰਨਿ ਆਪਣਾ ਕੁਲ ਕਾ ਕਰਨਿ ਉਧਾਰੁ ॥ (ਪੰ.-552)

ਆਇਆ ਸੋ ਪਰਵਾਣੁ ਹੈ ਭਾਈ ਜਿ ਗੁਰ ਸੇਵਾ ਚਿਤੁ ਲਾਇ ॥ (ਪੰਨਾ-603)

ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ ॥
ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ ॥ (ਪੰਨਾ-638)

ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ ॥ (ਪੰਨਾ-1283)

ਸੇਵਾ ਕਰਨ ਨਾਲ ਦਰਗਾਹ ਵਿਚ ਮਾਣ-ਵਡਿਆਈ ਭੀ ਹੁੰਦੀ ਹੈ—

ਸਤਿਗੁਰੁ ਸੇਵੈ ਤਿਸੁ ਮਿਲੈ ਵਡਿਆਈ
ਦਰਿ ਸਚੈ ਸੋਭਾ ਪਾਇਦਾ ॥ (ਪੰਨਾ-1063)

ਸੋਹਨਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥ (ਪੰਨਾ-1285)

ਪ੍ਰਭ ਕੀ ਦਰਗਹ ਸੋਭਾਵੰਤੇ ॥
ਸੇਵਕ ਸੇਵਿ ਸਦਾ ਸੋਹੰਤੇ ॥ (ਪੰਨਾ-1339)

ਸੇਵਾ ਕਰਨ ਨਾਲ ਆਵਣ-ਜਾਣ ਅਥਵਾ ਜੰਮਣ-ਮਰਣ ਦਾ ਗੇੜ ਖਤਮ ਹੁੰਦਾ ਹੈ—

ਸਤਿਗੁਰਿ ਸੇਵਿਐ ਸਦਾ ਸੁਖੁ ਜਨਮ ਮਰਣ ਦੁਖੁ ਜਾਇ ॥ (ਪੰਨਾ-587)

ਸਤਿਗੁਰੁ ਸੇਵੇ ਤਾ ਸੁਖੁ ਪਾਏ ਭਾਈ ਆਵਣੁ ਜਾਣੁ ਰਹਾਈ ॥ (ਪੰਨਾ-635)

ਨਾਨਕ ਸਤਿਗੁਰੁ ਸੇਵਹਿ ਆਪਣਾ ਸੇ ਜਨ ਸਚੇ ਪਰਵਾਣੁ ॥
ਹਰਿ ਕੈ ਨਾਇ ਸਮਾਇ ਰਹੇ ਚੂਕਾ ਆਵਣੁ ਜਾਣੁ (ਪੰਨਾ-648)

ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ ॥
ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ ॥ (ਪੰਨਾ-651)

ਭਗਤਨ ਕੀ ਟਹਲ ਕਮਾਵਤ ਗਾਵਤ ਦੁਖ ਕਾਟੇ ਤਾ ਕੇ ਜਨਮ ਮਰਨ॥
(ਪੰਨਾ-1206)

ਸੇਵਾ ਕਰਨ ਦੁਆਰਾ ਜਮਾਂ ਦੀ ਕਾਣ ਭੀ ਚੁਕਦੀ ਹੈ—

ਕਰਿ ਕਿਰਪਾ ਟਹਲ ਹਰਿ ਲਾਇਓ ਤਉ ਜਮਿ ਛੋਡੀ ਮੋਰੀ ਲਾਗਿ ॥
(ਪੰਨਾ-701)

ਜਿਨਿ ਸਤਿਗੁਰੁ ਸੇਵਿਆ ਤਾਣੁ ਨਿਤਾਣੇ ਤਿਸੁ ॥
ਸਾਸਿ ਗਿਰਾਸਿ ਸਦਾ ਮਨਿ ਵਸੈ ਜਮੁ ਜੋਹਿ ਨ ਸਕੈ ਤਿਸੁ ॥ (ਪੰਨਾ-854)

ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥
ਜਮੁ ਜੰਦਾਰੁ ਜੋਹਿ ਨਹੀ ਸਾਕੈ ਸਰਪਨਿ ਡਸਿ ਨ ਸਕੈ
ਹਰਿ ਕਾ ਰਸੁ ਪੀਜੈ ॥ (ਪੰਨਾ-905)

ਸਤਿਗੁਰੁ ਸੇਵਹਿ ਸੇ ਜਨ ਸਾਚੇ ਕਾਟੇ ਜਮ ਕਾ ਫਾਹਾ ਹੇ ॥ (ਪੰਨਾ-1053)

ਸੇਵਾ ਕਰਨ ਦੇ ਨਾਲ ਬੰਧਨ ਭੀ ਛੁਟ ਜਾਂਦੇ ਹਨ—

ਕਹੁ ਕਬੀਰ ਛੂਟਨੁ ਨਹੀ ਮਨ ਬਉਰਾ ਰੇ
ਛੂਟਨੁ ਹਰਿ ਕੀ ਸੇਵ ॥ (ਪੰਨਾ-336)

ਗੁਰ ਕੀ ਸੇਵਾ ਸੋ ਕਰੇ ਜਿਸੁ ਆਪਿ ਕਰਾਏ ॥
ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ ॥ (ਪੰਨਾ-421)

ਸੇਵਾ ਕਰਨ ਨਾਲ 'ਦੁਰਮਤਿ' ਭੀ ਨਾਸ਼ ਹੁੰਦੀ ਹੈ—

ਸਤਿਗੁਰਿ ਸੇਵਿਐ ਦੂਜੀ ਦੁਰਮਤਿ ਜਾਈ ॥
ਅਉਗਣ ਕਾਟਿ ਪਾਪਾ ਮਤਿ ਖਾਈ ॥

ਸੇਵਾ ਕਰਨ ਨਾਲ ਆਪੇ ਦੀ ਸੋਝੀ ਆਉਂਦੀ ਹੈ—

ਸਤਿਗੁਰੁ ਸੇਵੈ ਸੋਝੀ ਹੋਇ ॥
ਦੂਜੇ ਭਾਇ ਨ ਲਾਗੈ ਕੋਇ ॥ (ਪੰਨਾ-362)

ਗੁਰ ਸੇਵਾ ਤੇ ਆਪੁ ਪਛਾਤਾ ॥ (ਪੰਨਾ-415)

ਗੁਰ ਸੇਵਾ ਤੇ ਤ੍ਰਿਭਵਣ ਸੋਝੀ ਹੋਇ ॥
ਆਪੁ ਪਛਾਣਿ ਹਰਿ ਪਾਵੈ ਸੋਇ ॥ (ਪੰਨਾ-423)

(ਚਲਦਾ.......)